# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 16 ਸਤੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਮਾਂ ਬੋਲੀ ਦੇ ਮਾਣਮੱਤੇ ਲੋਕ ਗਾਇਕ ਇੰਦਰ ਮਾਨ ਦਾ ਨਵਾਂ ਗੀਤ "ਦਾਜ" 20 ਸਤੰਬਰ ਨੂੰ ਹੋਵੇਗਾ ਰਿਲੀਜ਼ ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ




ਫਰੀਦਕੋਟ 16 ਸਤੰਬਰ : ਪੰਜਾਬੀ ਦੇ ਪ੍ਰਸਿੱਧ ਗਾਇਕ ਇੰਦਰ ਮਾਨ ਨੇ ਆਪਣਾ ਪ੍ਰਸਿੱਧ ਗੀਤ ਪਰਚੇ ਖਰਚੇ ਤੋਂ ਬਾਅਦ ਇੱਕ ਹੋਰ ਸੱਭਿਆਚਾਰਕ ਗੀਤ "ਦਾਜ" ਜਹਿੜਾ ਕਿ ਸਮਾਜਿਕ ਕੁਰੀਤੀਆਂ ਤੇ ਅਧਾਰਿਤ ਦਾਜ ਹੈ।

ਇਸ ਗੀਤ ਨੂੰ ਆਪਣੇ ਖੂਬਸੂਰਤ ਸ਼ਬਦਾਂ ਵਿੱਚ ਪਰੋਇਆਂ ਪ੍ਰਸਿੱਧ ਗੀਤਕਾਰ "ਅਵਤਾਰ ਮੁਕਤਸਰੀ ਜੀ" ਨੇ । ਇਸਨੂੰ ਸੰਗੀਤ ਬੱਧ ਕੀਤਾ ਹੈ , ਨਾਮੀ ਸੰਗੀਤਕਾਰ "ਐਮ ਆਰ ਮਿਊਜ਼ਿਕ" ਨੇ ਤੇ ਇਸ ਦਾ ਫਿਲਮਾਂਕਣ ਕੀਤਾ ਪ੍ਰਸਿੱਧ ਕੈਮਰਾਮੈਨ/ ਕਨਸੈਪਟ ਜਸ ਢਿੱਲੋ ਨੇ,ਇਸ ਗੀਤ ਵਿੱਚ ਪਾਲੀਵੁੱਡ ਦੇ ਮੰਝੇ ਅਦਾਕਾਰਾਂ ਨੇ ਗੀਤ ਨੂੰ ਚਾਰ ਚੰਨ ਲਾਏ ਹਨ , ਜਿਨਾਂ ਵਿੱਚ ਹਨ ਚਰਚਿਤ ਅਦਾਕਾਰ ਪ੍ਰਤਾਪ ਸਿਮਰਨ,ਕੁਲਦੀਪ ਨਿਆਮੀ , ਵਿੱਕੀ ਮਰਜਾਨਾ, ਸਾਵਣ ਸ਼ੁਕਾ,ਡਿੰਪਲ ਕੌਰ,ਰੁਪਿੰਦਰ ਕੌਰ,ਗੁਰਚਰਨ ਸਿੰਘ,ਜਸਵਿੰਦਰ ਜੱਸੀ ਤੇ ਹੋਰ ਬਹੁਤ ਸਾਰੇ ਨਾਮੀ ਅਦਾਕਾਰ ਨੇ ਆਪਣੀ ਨਵੇਕਲੀ ਅਦਾਕਾਰੀ ਦੇ ਰੰਗ ਬਿਖੇਰੇ ਹਨ । ਇਸ ਗੀਤ ਦੇ ਐਸੋਸੀਏਟ ਡਾਇਰੈਕਟਰ ਰਵੀ ਵਰਮਾ ਤੇ ਅਸਿਸਟੈਂਟ ਡਾਇਰੈਕਟਰ ਨਛੱਤਰ ਗੋਨੇਆਣਾ ਤੇ ਰਮਨ ਗਾਂਧੀ ਹਨ ਤੇ ਮੇਕਅਪ ਮੈਨ ਧਰਮਾ ਜੀ ਹਨ।

ਲੋਕ ਗਾਇਕ ਇੰਦਰ ਮਾਨ ਨੇ ਦੱਸਿਆ ਕਿ ਇਸ ਗੀਤ ਨੂੰ ਚਰਚਿਤ ਮਰਹੂਮ ਲੋਕ ਗਾਇਕ ਮੇਜਰ ਰਾਜਸਥਾਨੀ ਦੀ ਕੰਪਨੀ ਵਰਲਡ ਵਾਈਡ ਤੇ 20 ਸਤੰਬਰ ਨੂੰ ਸਾਨਦਾਰ ਢੰਗ ਨਾਲ ਰੀਲੀਜ਼ ਕੀਤਾ ਜਾਵੇਗਾ।ਇਸਦੇ ਪ੍ਰੋਜੈਕਟ ਨੂੰ ਅਖੀਰ ਮੁਕਾਮ ਤੱਕ ਪਹੁੰਚਾਉਣ ਲਈ ਮਹਰੂਮ ਮੇਜਰ ਰਾਜਸਥਾਨੀ ਦੇ ਲਾਡਲੇ ਬੇਟੇ ਨਵਦੀਪ ਰਾਜਸਥਾਨੀ ਨੇ ਦਿਨ ਰਾਤ ਇੱਕ ਕਰ ਦਿੱਤਾ ਹੈ ਉਮੀਦ ਇਹ ਇਹ ਗੀਤ ਵੀ ਪਹਿਲੇ ਗੀਤਾਂ ਵਾਂਗ ਹੀ ਆਪਣਾ ਵਧੀਆਂ ਸਥਾਨ ਬਣਾ ਸਕੇਗਾ।

## ਪ੍ਰਸਿੱਧ ਕਵੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਪੁਸਤਕ " ਮਾਹੌਲ " ਉੱਤੇ ਵਿਚਾਰ ਗੋਸ਼ਟੀ ਹੋਈ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 16 ਸਤੰਬਰ : ਪੰਜਾਬੀ ਸਾਹਿਤ ਦੇ ਨਾਮਵਰ ਲੇਖਕ ਪ੍ਰਸਿੱਧ ਕਵੀ ਜੀ ਦੀ 17ਵੀ ਪੁਸਤਕ " ਮਾਹੌਲ " ਉੱਤੇ ਸੰਗਤ ਸਾਹਿਬ ਭਾਈ ਫੇਰੂ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਵਿਚਾਰ ਗੋਸ਼ਟੀ ਸਮਾਗਮ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਕੂਲ ਦੇ ਚੇਅਰਮੈਨ ਸ. ਸਵਰਨਜੀਤ ਸਿੰਘ ਗਿੱਲ ਸਨ। ਪ੍ਰਧਾਨਗੀ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ, ਪ੍ਰੋਫੈਸਰ ਪਾਲ ਸਿੰਘ, ਕਰਨਲ ਬਲਬੀਰ ਸਿੰਘ ਸਰਾਂ, ਸਕੂਲ ਦੇ ਪ੍ਰਿੰਸੀਪਲ ਮਨਪ੍ਰੀਤ ਸਿੰਘ ਸੁਸ਼ੋਭਿਤ ਹੋਏ। ਮੰਚ ਸੰਚਾਲਕ ਦੀ ਭੂਮਿਕਾ ਪ੍ਰਸਿੱਧ ਲੇਖਕ ਇਕਬਾਲ ਘਾਰੂ ਨੇ ਬਾਖੂਬੀ ਨਿਭਾਈ। ਪੁਸਤਕ " ਮਾਹੌਲ " ਉੱਪਰ ਪੇਪਰ ਇੰਜੀਨੀਅਰ ਦਰਸ਼ਨ ਸਿੰਘ ਰੋਮਾਣਾ ਨੇ ਪੜ੍ਹਿਆ ਜਿਸ ਤੇ ਭੱਖਵੀ ਬਹਿਸ ਹੋਈ। ਉਸ ਤੋਂ ਬਾਅਦ ਪ੍ਰਸਿੱਧ ਲੇਖਕ ਪ੍ਰੋਫੈਸਰ ਤਰਸੇਮ ਨਰੂਲਾ ( ਜੈਤੋ) ਨੇ ਨਵਰਾਹੀ ਸਾਹਿਬ ਦੀ ਕਵਿਤਾ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਹੋਰ ਬੁਲਾਰਿਆਂ ਵਿੱਚ ਸ਼੍ਰੀ ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਫਰੀਦਕੋਟ, ਪ੍ਰਸਿੱਧ ਸ਼ਾਇਰ ਵਿਜੇ ਵਿਵੇਕ, ਕਰਨਲ ਬਲਬੀਰ ਸਿੰਘ ਸਰਾਂ, ਪ੍ਰੋਫੈਸਰ ਪਾਲ ਸਿੰਘ, ਦਲਜੀਤ ਰਾਏ ਕਾਲੀਆ ( ਜੀਰਾ) , ਸਾਧੂ ਸਿੰਘ ਚੌਹਾਨ ( ਘੁਗਿਆਣਾ ) , ਲਾਲ ਸਿੰਘ ਕਲਸੀ ਆਦਿ ਸਨ। ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਨੇ ਜੋ ਪ੍ਰਿੰਸੀਪਲ ਨਵਰਾਹੀ ਜੀ ਦੀ ਲੇਖਣੀ ਅਤੇ ਸ਼ਖ਼ਸੀਅਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਉਹ ਬਾਕਮਾਲ ਦੀ ਸੀ। ਸਮਾਗਮ ਦੇ ਦਰਮਿਆਨ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਦੀ ਦਿਲੀ ਇੱਛਾ ਅਨੁਸਾਰ ਉਨ੍ਹਾਂ ਦੀ ਇੱਕ ਹਰਮਨ ਪਿਆਰੀ ਰਚਨਾ ਜੋ ਦਸ਼ਮੇਸ਼ ਪਿਤਾ ਨੂੰ ਮੁਖਾਤਿਬ ਸੀ " ਤੂੰ ਸ਼ਹਿਨਸ਼ਾਹ -ਏ – ਆਲਮ " ਇਕਬਾਲ ਘਾਰੂ ਨੇ ਤਰੰਨਮ 'ਚ ਪੇਸ਼ ਕਰ ਕੇ ਸਭ ਨੂੰ ਮੰਤਰ – ਮੁਗਧ ਕੀਤਾ। ਉਸ ਤੋਂ ਬਾਅਦ ਦੂਰੋਂ ਨੇੜਿਓਂ ਆਏ ਕਵੀ ਸੱਜਣਾਂ ਨੇ ਆਪਣੇ ਬਹੁਰੰਗੇ ਕਲਾਮ ਪੇਸ਼ ਕੀਤੇ ਜਿਨ੍ਹਾਂ ਵਿੱਚ ਪੰਜਾਬੀ ਦੇ ਨੌਜਵਾਨ ਲੇਖਕ ਵਤਨਵੀਰ ਜ਼ਖਮੀ, ਜੀਤ ਗੋਲੇਵਾਲੀਆ, ਸੁਰਿੰਦਰਪਾਲ ਸ਼ਰਮਾ ਭਲੂਰ, ਹਰਸੰਗੀਤ ਸਿੰਘ ਗਿੱਲ, ਅਮਰਜੀਤ ਬਰਾੜ, ਜੱਸਾ ਫੇਰੂਕੇ ,ਨਾਹਰ ਸਿੰਘ ਗਿੱਲ, ਮੁਖਤਿਆਰ ਸਿੰਘ ਵੰਗੜ, ਕੁਲਵਿੰਦਰ ਭਾਣਾ, ਗੁਰਤੇਜ ਪੱਖੀ ਕਲਾਂ, ਸਾਧੂ ਸਿੰਘ ਚਮੇਲੀ, ਸੁਖਰਾਜ ਜੀਰਾ, ਬਲਬੀਰ ਲੋਹਗੜ੍ਹ, ਦੀਪ ਜੀਰਵੀ ( ਜੀਰਾ) , ਪਰਮਜੀਤ ਪੱਪੂ , ਗੁਰਮੀਤ ਸਿੰਘ , ਮੇਜਰ ਸਿੰਘ ਸੇਵਾ ਮੁਕਤ ਡੀ. ਐਸ. ਪੀ. , ਬਲਬੀਰ ਸਿੰਘ ਧੀਰ, ਬਲਵੰਤ ਰਾਏ ਗੱਖੜ, ਗਗਨਦੀਪ ਸਿੰਘ, ਸ਼ਵਿੰਦਰ ਸਿੰਘ, ਸਾਕੀ ਫਰੀਦਕੋਟੀ , ਜਸਮੀਤ ਸਿੰਘ, ਹਰਪਾਲ ਸਿੰਘ, ਕਰਨਜੀਤ ਦਰਦ, ਆਕਾਸ਼ ਦਰਦ, ਸਤਨਾਮ , ਜਗਦੀਪ ਆਦਿ ਸਨ। ਉਸ ਤੋਂ ਬਾਅਦ ਨਵਰਾਹੀ ਜੀ ਨੇ ਆਪਣੀ ਕਲਮ ਦੀ ਆਵਾਜ਼ ਤਕਰੀਬਨ ਪੰਜਾਹ ਸਾਲਾਂ ਤੋਂ ਅਵਾਮ ਤੱਕ ਪਹੁੰਚਾਉਣ ਦਾ ਜੋ ਉਪਰਾਲਾ ਕੀਤਾ ਉਸ ਤਸਵੀਰ ਸਾਹਿਤਕਾਰਾਂ ਦੇ ਸਨਮੁਖ ਪੇਸ਼ ਕਰ ਕੇ ਵਾਹ ਵਾਹ ਖੱਟੀ ਅਤੇ ਨਾਲ ਹੀ ਉਨ੍ਹਾਂ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਅਮਰਜੀਤ ਸਿੰਘ ਗੋਲੇਵਾਲਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਾਉਣ ਤੇ ਸ਼ੁਕਰੀਆ ਅਦਾ ਕੀਤਾ। ਅਖੀਰ ਵਿੱਚ ਸਕੂਲ ਦੇ ਚੇਅਰਮੈਨ ਸਾਹਿਬ ਸ. ਸਵਰਨਜੀਤ ਸਿੰਘ ਗਿੱਲ ਨੇ ਖੁਸ਼ੀ ਪ੍ਰਗਟ ਕਰਦਿਆਂ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨਵਰਾਹੀ ਸਾਹਿਬ ਦੀ ਲੇਖਣੀ ਦੀ ਪ੍ਰਸ਼ੰਸਾ ਕਰਦਿਆਂ ਸਮੂਹ ਸਾਹਿਤਕਾਰਾਂ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਆਪਣੀ ਕਲਮ ਰਾਹੀਂ ਸਮਾਜ ਦੇ ਦੁੱਖ ਦਰਦਾਂ ਨੂੰ ਉਲੀਕਣ ਅਤੇ ਪੇਸ਼ ਕਰਨ ਲਈ ਹਲਾਸ਼ੇਰੀ ਦਿੱਤੀ।

## ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ ਅਤੇ ਇੰਦਰਜੀਤ ਸਿੰਘ ਖਾਲਸਾ ਯਾਦਗਾਰੀ ਐਵਾਰਡ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਸਿਫ਼ਤ ਕੌਰ ਸਮਰਾ | ਸ. ਪ੍ਰਿਤਪਾਲ ਸਿੰਘ ਹੰਸਪਾਲ

ਕੋਟਕਪੂਰਾ, 16 ਸਤੰਬਰ : ਬਾਬਾ ਫਰੀਦ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ। ਇਸ ਆਗਮਨ ਪੁਰਬ ਮੌਕੇ ਦਿੱਤੇ ਜਾਣ ਵਾਲੇ ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ ਅਤੇ ਇੰਦਰਜੀਤ ਸਿੰਘ ਖਾਲਸਾ ਯਾਦਗਾਰੀ ਐਵਾਰਡ ਦੇ ਐਲਾਨ ਲਈ ਬਾਬਾ ਫਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਦੀ ਅਗਵਾਈ ਹੇਠ ਪ੍ਰੈਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਉਹਨਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਾਲ 'ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ' ਨਾਲ ਪ੍ਰਿਤਪਾਲ ਸਿੰਘ ਹੰਸਪਾਲ ਨੂੰ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਨੇ ਉਹਨਾਂ ਦੀ ਮਨੁੱਖਤਾ ਪ੍ਰਤੀ ਨਿਸ਼ਕਾਮ ਸੇਵਾ ਨੂੰ ਸਲਾਮ ਕੀਤਾ ਤੇ ਕਿਹਾ ਕਿ ਉਹ ਕਪੂਰਥਲਾ ਦੀ ਹੰਸਪਾਲ ਟਰੇਡਰਜ਼, ਜੋ ਰੇਲ ਗੱਡੀ ਦੇ ਡੱਬਿਆਂ ਦੇ ਪੁਰਜੇ ਬਣਾਉਂਦੀ ਹੈ ਦੇ ਮਾਲਕ ਹਨ ਤੇ ਉਹਨਾਂ ਨੇ ਪੰਜਾਬ ਵਿੱਚ ਬੀਤੇ ਦਿਨੀਂ ਹੜ੍ਹਾਂ ਦੀ ਜੋ ਮਾਰ ਪਈ ਹੈ, ਇਸ ਔਖੀਂ ਘੜ੍ਹੀ ਵਿੱਚ ਆਪਣਾ ਨਿੱਜੀ ਕਾਰੋਬਾਰ ਰੋਕ ਕੇ ਸਾਰਾ ਧਿਆਨ ਕਿਸ਼ਤੀਆਂ ਬਣਾਉਣ ਤੇ ਲਾਇਆ ਹੋਇਆ ਹੈ ਤੇ 100 ਦੇ ਕਰੀਬ ਕਿਸ਼ਤੀਆਂ ਬਣਾ ਕੇ ਇਸ ਔਖੀ ਘੜੀ ਵਿੱਚ ਪੰਜਾਬ ਦੀ ਮਦਦ ਕੀਤੀ। ਜਦੋਂ ਇਹਨਾਂ ਨੂੰ ਕਿਸ਼ਤੀ ਉੱਪਰ ਹੋਏ ਖਰਚੇ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਸਭ ਕੁਝ ਵਾਹਿਗੁਰੂ ਦਾ ਦਿੱਤਾ ਹੋਇਆ ਹੈ। ਮਨੁੱਖਤਾਂ ਦੀ ਇਸ ਅਦੁੱਤੀ ਸੇਵਾ ਭਾਵਨਾ ਲਈ ਖ਼ੁਦ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਵੀ ਉਹਨਾਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕਰ ਕੇ ਉਹਨਾਂ ਦਾ ਧੰਨਵਾਦ ਕੀਤਾ। ਅਤੇ ਨਾਮੀਂ ਪੱਤਰਕਾਰ ਰਵੀਸ਼ ਕੁਮਾਰ ਨੇ ਵੀ ਆਪਣੇ ਯੂ-ਟਿਊਬ ਟੈਨਲ ਅਤੇ 7 ਸਤਬੰਰ ਨੂੰ ਇਕ ਅਖ਼ਬਾਰ ਵਿੱਚ ਅਰਵਿੰਦਰ ਜੋਹਲ ਵੱਲੋਂ ਲਿਖੇ ਗਏ ਆਰਟੀਕਲ ਵਿੱਚ ਉਹਨਾਂ ਦੀ ਭਰਪੂਰ ਸ਼ਲਾਘਾ ਕੀਤੀ । ਇਸੇ ਤਰ੍ਹਾਂ 'ਸ. ਇੰਦਰਜੀਤ ਸਿੰਘ ਖਾਲਸਾ ਯਾਦਗਾਰੀ ਐਵਾਰਡ' ਨਾਲ ਸਿਫ਼ਤ ਕੌਰ ਸਮਰਾ ਨੂੰ ਸਨਮਾਨਿਤ ਕੀਤਾ ਜਾਵੇਗਾ। ਜੋ ਕਿ ਕਲਾ, ਸਾਹਿਤ ਅਤੇ ਖੇਡਾਂ ਆਦਿ ਦੇ ਖੇਤਰ ਵਿੱਚ ਕੀਤੇ ਗਏ ਵਿਲੱਖਣ ਕਾਰਜਾਂ ਹਿੱਤ ਪ੍ਰਦਾਨ ਕੀਤਾ ਜਾਂਦਾ ਹੈ। ਉਹਨਾਂ ਨੇ ਸਿਫ਼ਤ ਕੌਰ ਸਮਰਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਉਹਨਾਂ ਦੀ ਵਰਲਡ ਆਈ.ਐੱਸ.ਐੱਸ. ਐੱਫ ਰੇਕਿੰਗ 2 ਹੈ ਤੇ ਸਾਲ 2024 ਵਿੱਚ ਉਹ ਪੈਰਿਸ ਵਿਖੇ ਉਲਪਿੰਕ ਵਿੱਚ ਖੇਡੇ, ਵਰਲਡ ਕਪ 2024 ਅਤੇ 2025 ਵਿੱਚ ਵੀ ਉਹਨਾਂ ਨੇ ਮਿਊਨਿਖ ਵਿਖੇ ਬ੍ਰੌਨਜ਼ ਮੈਡਲ ਹਾਸਿਲ ਕੀਤਾ ਹੈ, ਪਿਛਲੇ ਦਿਨੀਂ 2025 ਵਿੱਚ ਆਈ.ਐੱਸ.ਐੱਸ.ਐੱਫ ਵਰਲਡ ਕੱਪ ਅਰਜਨਟੀਨਾ ਵਿਖੇ ਵੀ ਇਹਨਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹਨਾਂ ਇੰਟਰ-ਨੈਸ਼ਨਲ ਰਾਈਫ਼ਲ ਸ਼ੂਟਰ ਦੇ ਤੌਰ 'ਤੇ ਭਾਰਤ ਵੱਲੋਂ ਏਸ਼ੀਅਨ ਖੇਡਾਂ ਵਿੱਚ ਵੀ ਕਜ਼ਾਕਿਸਤਾਨ ਵਿਖੇ 2 ਗਲੋਡ ਮੈਡਲ ਹਾਸਿਲ ਕੀਤੇ ਹਨ, ਇੰਡੋਨੇਸ਼ੀਆ ਵਿਖੇ ਵੀ ਏਸ਼ੀਅਨ ਸ਼ੂਟਿੰਗ ਚੈਮੀਪੀਅਨਸ਼ਿਪ ਵਿੱਚ ਵੀ ਉਹਨਾਂ ਨੇ ਗੋਲਡ ਅਤੇ ਸਿਲਵਰ ਮੈਡਲ ਹਾਸਿਲ ਕਰਕੇ ਭਾਰਤ ਦੇ ਨਾਂ ਨੂੰ ਚਾਰ ਚੰਨ ਲਾਏ। ਸਾਲ 2023 ਅਤੇ 2022 ਵਿੱਚ ਵੀ ਚਾਈਨਾ, ਕੋਰੀਆਂ ਅਤੇ ਹੋਰ ਕਈ ਦੇਸ਼ਾ ਵਿੱਚ ਉਹਨਾਂ ਦੇ ਪ੍ਰਦਰਸ਼ਨ ਬੇਮਿਸਾਲ ਰਿਹਾ, ਜਿਸ ਵਿੱਚ ਉਹਨਾਂ ਨੇ ਕਈ ਵਾਰ ਭਾਰਤ ਵੱਲੋਂ ਖੇਡਦਿਆ ਬਹੁਤ ਸਾਰੇ ਗੋਲਡ, ਸਿਲਵਰ ਅਤੇ ਬ੍ਰੋਨਜ ਮੈਡਲ ਹਾਸਿਲ ਕੀਤੇ। ਇਸ ਮੌਕੇ ਚਰਨਜੀਤ ਸਿੰਘ ਸੇਖੋ, ਦੀਪਇੰਦਰ ਸਿੰਘ ਸੇਖੋ, ਗੁਰਜਾਪ ਸਿੰਘ ਸੇਖੋ, ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ, ਕੁਲਜੀਤ ਸਿੰਘ ਮੌਂਗੀਆਂ ਅਤੇ ਨਰਿੰਦਰਪਾਲ ਸਿੰਘ ਬਰਾੜ ਮੈਂਬਰਜ਼ ਵੀ ਸ਼ਾਮਿਲ ਸਨ। ਅੰਤ ਵਿੱਚ ਸ. ਸਿਮਰਜੀਤ ਸਿੰਘ ਸੇਖੋ ਨੇ ਕਿਹਾ ਕਿ ਇਹ ਦੌਨੇ ਐਵਾਰਡ ਬਾਬਾ ਫਰੀਦ ਸੁਸਾਇਟੀ ਵੱਲੋਂ ਬਾਬਾ ਫਰੀਦ ਆਗਮਨ ਪੁਰਬ ਦੇ ਆਖਰੀ ਦਿਨ 23 ਸਤੰਬਰ ਨੂੰ ਗੁਰਦੁਆਰਾ ਗੌਂਦੜੀ ਸਾਹਿਬ ਵਿਖੇ ਨਗਰ ਕਰੀਤਨ ਪਹੁੰਚਣ ਉਪਰੰਤ ਸਜੇ ਹੋਏ ਧਾਰਮਿਕ ਦੀਵਾਨਾ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਦਿੱਤੇ ਜਾਣਗੇ। ਜਿਸ ਵਿੱਚ 'ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ 'ਵਿੱਚ ਦੋਸ਼ਾਲਾ, ਸਾਈਟੇਸ਼ਨ ਅਤੇ 2 ਲੱਖ ਨਗਦ ਇਨਾਮ ਅਤੇ 'ਸ. ਇੰਦਰਜੀਤ ਸਿੰਘ ਖਾਲਸਾ ਯਾਦਗਾਰੀ ਐਵਾਰਡ' ਵਿੱਚ ਦੋਸ਼ਾਲਾ, ਸਾਈਟੇਸ਼ਨ ਅਤੇ ਇੱਕ (1) ਲੱਖ ਨਗਦ ਇਨਾਮ ਦੀ ਰਾਸ਼ੀ ਭੇਟ ਕੀਤੀ ਜਾਵੇਗੀ।

## ਸੁਖਜੀਤ ਯਾਦਗਾਰੀ ਲਾਇਬ੍ਰੇਰੀ ਦਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕੀਤਾ ਉਦਘਾਟਨ

### ਨਵੀਨੀਕਰਨ 'ਤੇ 12 ਲੱਖ ਰੁਪਏ ਖਰਚੇ ਜਾਣਗੇ – ਕੁੰਦਰਾ

ਵਰਲਡ ਪੰਜਾਬੀ ਟਾਈਮਜ਼





ਮਾਛੀਵਾੜਾ ਸਾਹਿਬ, 16 ਸਤੰਬਰ: ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਪ੍ਰਸਿੱਧ ਕਹਾਣੀਕਾਰ ਤੇ ਸਾਹਿਤਕਾਰ ਸਵ. ਸੁਖਜੀਤ ਦੀ ਯਾਦ ਵਿਚ ਨਗਰ ਕੌਂਸਲ ਮਾਛੀਵਾੜਾ ਵਲੋਂ ਸੁਖਜੀਤ ਸ਼ਬਦ ਲਾਇਬ੍ਰੇਰੀ ਦਾ ਉਦਘਾਟਨ ਸਮਰਾਲਾ ਹਲਕੇ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵਲੋਂ ਕੀਤਾ ਗਿਆ। ਵਿਧਾਇਕ ਦਿਆਲਪੁਰਾ ਨੇ ਇਸ ਲਾਇਬ੍ਰੇਰੀ ਦੇ ਉਦਘਾਟਨੀ ਪੱਥਰ ਤੋਂ ਪਰਦਾ ਹਟਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿਰਕੱਢ ਲੇਖਕ ਸਵ. ਸੁਖਜੀਤ ਦੇ ਯਤਨਾਂ ਸਦਕਾ ਪਿਛਲੇ ਸਮੇਂ ਦੌਰਾਨ ਨਗਰ ਕੌਂਸਲ ਨੇ ਸ਼ਹਿਰ ਵਾਸੀਆਂ ਲਈ ਸ਼ਬਦ ਲਾਇਬ੍ਰੇਰੀ ਸਥਾਪਿਤ ਕੀਤੀ ਸੀ। ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਇਹ ਲਾਇਬ੍ਰੇਰੀ ਲਗਪਗ ਬੰਦ ਹੋ ਚੁੱਕੀ ਸੀ ਅਤੇ ਇੱਥੇ ਪਿਆ ਸਾਹਿਤਕ ਖ਼ਜ਼ਾਨਾ ਵੀ ਗੁੰਮ ਹੋ ਗਿਆ ਸੀ। ਹੁਣ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਵਲੋਂ ਇਹ ਉਪਰਾਲਾ ਕੀਤਾ ਗਿਆ ਅਤੇ ਲਾਇਬ੍ਰੇਰੀ ਦੇ ਨਵੀਨੀਕਰਨ ਲਈ 12 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ। ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਹੁਣ ਇਸ ਲਾਇਬ੍ਰੇਰੀ ਦਾ ਨਾਮ ਸਵ. ਸੁਖਜੀਤ ਸ਼ਬਦ ਲਾਇਬ੍ਰੇਰੀ ਹੋਵੇਗਾ। ਇਸ ਸਬੰਧੀ ਉਨ੍ਹਾਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਇਸ ਕਾਰਜ ਲਈ ਦਿੱਤੀ ਅਗਵਾਈ ਤੇ ਪ੍ਰੇਰਨਾ ਦਾ ਵੀ ਧੰਨਵਾਦ ਕੀਤਾ।

ਨਗਰ ਕੌਂਸਲ ਪ੍ਰਧਾਨ ਸ਼੍ਰੀ ਮੋਹਿਤ ਕੁੰਦਰਾ ਨੇ ਦੱਸਿਆ ਕਿ ਇਸ ਲਾਇਬ੍ਰੇਰੀ ਦੇ ਨਵੀਨੀਕਰਨ ਲਈ 12 ਲੱਖ ਰੁਪਏ ਦਾ ਟੈਂਡਰ ਪਾਸ ਹੋ ਚੁੱਕਾ ਹੈ ਜਿਸ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਲਾਇਬ੍ਰੇਰੀ ਵਿਚ ਫਿਲਹਾਲ ਦੁਬਾਰਾ ਕੁਝ ਕੁ ਸਾਹਿਤਕ ਖ਼ਜ਼ਾਨਾ ਰੱਖ ਦਿੱਤਾ ਗਿਆ ਹੈ ਅਤੇ ਇੱਥੇ ਬਜ਼ੁਰਗਾਂ ਤੋਂ ਇਲਾਵਾ ਨੌਜਵਾਨ ਲੜਕੇ-ਲੜਕਿਆਂ ਵੀ ਕਿਤਾਬਾਂ ਪੜ੍ਹਨ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵਲੋਂ ਇੱਥੇ ਆਈ.ਏ.ਐੱਸ. ਤੇ ਪੀ.ਸੀ.ਐੱਸ. ਦੀ ਤਿਆਰੀ ਸਬੰਧੀ ਪੁਸਤਕਾਂ ਵੀ ਰੱਖੀਆਂ ਜਾਣਗੀਆਂ ਤਾਂ ਜੋ ਬੱਚੇ ਇੱਥੇ ਆ ਕੇ ਇਨ੍ਹਾਂ ਨੂੰ ਪੜ੍ਹ ਸਕਣ। ਸਵ. ਸੁਖਜੀਤ ਦੀ ਪਤਨੀ ਸਰਦਾਰਨੀ ਗੁਰਦੀਪ ਕੌਰ ਨੇ ਵਿਧਾਇਕ ਦਿਆਲਪੁਰਾ ਅਤੇ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਲਾਇਬ੍ਰੇਰੀ ਦੁਬਾਰਾ ਸ਼ੁਰੂ ਹੋਣ ਨਾਲ ਜਿੱਥੇ ਲੋਕਾਂ ਨੂੰ ਲਾਭ ਮਿਲੇਗਾ, ਉੱਥੇ ਸਵ. ਸੁਖਜੀਤ ਦਾ ਸੁਪਨਾ ਵੀ ਸਾਕਾਰ ਹੋਇਆ ਹੈ। ਇਸ ਮੌਕੇ ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਵਲੋਂ ਸ਼ਬਦ ਲਾਇਬ੍ਰੇਰੀ ਲਈ ਸਚਿੱਤਰ ਕੌਫ਼ੀ ਟੇਬਲ ਪੁਸਤਕ "ਗੁਰੂ ਗੋਬਿੰਦ ਸਿੰਘ ਮਾਰਗ" ਵੀ ਭੇਟ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਕਿਤਾਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਲੈ ਕੇ ਸ੍ਰੀ ਮੁਕਤਸਰ ਸਾਹਿਬ ਤੱਕ ਦੇ ਇਤਿਹਾਸ ਦਾ ਜ਼ਿਕਰ ਕੀਤਾ ਹੈ।

ਪਰਿਵਾਰ ਵੱਲੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੂੰ ਦਸਤਾਰ ਤੇ ਲੋਈਆਂ ਦਰਸ਼ਨ ਬੁੱਟਰ, ਨਰਿੰਦਰ ਸ਼ਰਮਾ ਐਡਵੋਕੇਟ ਸਮਰਾਲਾ,ਸਰਦਾਰਨੀ ਗੁਰਦੀਪ ਕੌਰ, ਸੁਖਜੀਤ ਦੀ ਬੇਟੀ ਪ੍ਰੋ. ਜਪੁਜੀ , ਨਿੱਕੇ ਵੀਰ ਊਧਮ ਸਿੰਘ ਤੇ ਸਨੇਹੀਆਂ ਵੱਲੋਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਕਿਹਾ ਕਿ ਉਹ ਨਿੱਜੀ ਤੌਰ ਤੇ 250 ਪੁਸਤਕਾਂ ਇਸੇ ਮਹੀਨੇ ਦੇ ਅੰਤ ਤੀਕ ਇਸ ਲਾਇਬਰੇਰੀ ਲਈ ਭੇਂਟ ਕਰਨਗੇ ਅਤੇ ਬਾਕੀ ਸੰਸਥਾਵਾਂ ਤੇ ਲੇਖਕਾਂ ਨੂੰ ਵੀ ਪੁਸਤਕ ਦਾਨ ਲਈ ਪ੍ਰੇਰਤ ਕਰਨਗੇ ਜਿਸ ਨੂੰ ਪੜ੍ਹ ਦੇ ਨੌਜਵਾਨ ਸਾਹਿੱਤ ਤੋਂ ਜਾਣੂ ਹੋਣਗੇ।

ਮੰਚ ਸੰਚਾਲਨ ਪ੍ਰਸਿੱਧ ਲੇਖਕਾਂ ਜਤਿੰਦਰ ਕੌਰ ਮਾਹਲ ਨੇ ਕੀਤਾ।

ਇਸ ਮੌਕੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਜਸਵੀਰ ਸਿੰਘ ਭੱਟੀਆਂ, ਨੀਰਜ ਕੁਮਾਰ, ਕਿਸ਼ੋਰ ਕੁਮਾਰ, ਨਿਰਮਲ ਰਾਜੂ (ਸਾਰੇ ਕੌਂਸਲਰ), ਸ਼ੈਲਰ ਐਸੋ. ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ, ਟਰੱਕ ਯੂਨੀਅਨ ਦੇ ਪ੍ਰਧਾਨ ਬਲਪ੍ਰੀਤ ਸਿੰਘ ਸ਼ਾਮਗੜ੍ਹ, ਪੰਜਾਬੀ ਸਾਹਿੱਤ ਸਭਾ ਸਮਰਾਲਾ ਦੇ ਪ੍ਰਧਾਨ ਐਡਵੋਕੇਟ ਨਰਿੰਦਰ ਸ਼ਰਮਾ, ਬਲਜਿੰਦਰ ਸਿੰਘ ਰਿੰਕੂ, ਐਡਵੋਕੇਟ ਪਰਮਿੰਦਰ ਸਿੰਘ ਗਿੱਲ, ਸਾਹਿਤਕਾਰ ਡਾ. ਸੁਰਜੀਤ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ,ਕਹਾਣੀਕਾਰ ਬਲਵਿੰਦਰ ਗਰੇਵਾਲ ਖੰਨਾ ਤੇ ਅਜਾਇਬ ਸਿੰਘ, ਸਤਿੰਦਰ ਕੌਰ ਮਾਹਲ, ਰਘਬੀਰ ਸਿੰਘ ਭਰਤ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਦੀਪ ਦਿਲਬਰ, ਪ੍ਰਵੀਨ ਮੱਕੜ, ਨਾਟਕਕਾਰ ਰਾਜਵਿੰਦਰ ਸਮਰਾਲਾ, ਅਦਾਕਾਰਾ ਕਮਲਜੀਤ,ਪੀ.ਏ. ਨਵਜੀਤ ਸਿੰਘ, ਜਗਦੀਪ ਸਿੰਘ, ਨਵਦੀਪ ਸਿੰਘ ਵੀ ਮੌਜੂਦ ਸਨ।

## ਬਾਬਾ ਫ਼ਰੀਦ ਆਗਮਨ-ਪੁਰਬ ਮੌਕੇ ਸਕੂਲੀ ਬੱਚਿਆਂ ਦੀ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ

### ਪਹਿਲਾ ਦੂਜਾ, ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਨਗਦ ਰਾਸ਼ੀ ਨਾਲ ਹੋਵੇਗਾ ਸਨਮਾਨ : ਸੇਖੋਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 16 ਸਤੰਬਰ : ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਨਗਰੀ ਫਰੀਦਕੋਟ ਵਿਖੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਬਾਬਾ ਫਰੀਦ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਦੇ ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਹੇਠ ਸਕੂਲੀ ਬੱਚਿਆਂ ਦੇ ਕਰਵਾਏ ਗਏ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲਿਆਂ ਦੌਰਾਨ ਫ਼ਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਇਹ ਮੁਕਾਬਲੇ ਬਾਬਾ ਫ਼ਰੀਦ ਜੀ ਦੇ ਜੀਵਨ, ਸਿਧਾਂਤਾਂ ਅਤੇ ਸ਼ਬਦਾਂ 'ਤੇ ਅਧਾਰਿਤ ਸਨ, ਨਾਲ ਹੀ ਉਹਨਾਂ ਕਿਹਾ ਕਿ 16 ਸਤੰਬਰ ਨੂੰ ਭਾਸ਼ਣ ਮੁਕਾਬਲੇ ਅਤੇ 17 ਸਤੰਬਰ ਨੂੰ ਸ਼ਬਦ ਗਾਇਣ ਮੁਕਾਬਲੇ ਵੀ ਬਾਬਾ ਫਰੀਦ ਜੀ ਦੇ ਸਲੋਕਾਂ 'ਤੇ ਅਧਾਰਿਤ ਹੀ ਹੋਣਗੇ। ਸਰਦਾਰ ਸੇਖੋਂ ਨੇ ਕਿਹਾ ਕਿ 15 ਸਤੰਬਰ ਦੇ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਵੀ ਵਿਦਿਆਰਥੀਆਂ ਨੇ ਆਪਣੀ ਸੂਖਮ ਦ੍ਰਿਸ਼ਟੀ ਅਤੇ ਉਚੇਰੀ ਸੂਝ-ਬੂਝ ਦਾ ਪ੍ਰਗਟਾਵਾ ਕਰਦਿਆਂ ਸਵਾਲਾਂ ਦੀ ਜਵਾਬ ਬਹੁਤ ਹੀ ਖੂਬਸੂਰਤੀ ਨਾਲ ਦਿੱਤਾ ਹੈ। ਇਨ੍ਹਾਂ ਸਾਰੇ ਮੁਕਾਬਲਿਆਂ ਦਾ ਨਤੀਜਾ ਮਿਤੀ 17 ਸਤੰਬਰ, ਦਿਨ ਸ਼ਨੀਵਾਰ ਨੂੰ ਐਲਾਨਿਆ ਜਾਵੇਗਾ ਅਤੇ 23 ਸਤੰਬਰ ਨੂੰ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ। ਜਿਸ ਵਿੱਚ ਪਹਿਲਾ ਦਰਜਾ 10,000/-, ਦੂਜਾ ਦਰਜਾ 7000/- ਅਤੇ ਤੀਜਾ ਦਰਜਾ 5000/- ਦੀ ਨਗਦ ਰਾਸ਼ੀ ਅਤੇ ਸਰਟੀਫਿਕੇਟ ਨਾਲ ਸਾਰੇ ਵਿਦਿਆਰਥੀਆਂ ਨੂੰ 23 ਸਤੰਬਰ ਨੂੰ ਗੁਰਦੁਆਰਾ ਗੋਦੜੀ ਸਾਹਿਬ ਦੇ ਦੀਵਾਨ ਹਾਲ ਵਿਖੇ ਸਨਮਾਨਿਤ ਕੀਤਾ ਜਾਵੇਗਾ। ਪ੍ਰਧਾਨ ਸਿਮਰਜੀਤ ਸਿੰਘ ਸੇਖੋਂ ਨੇ ਆਏ ਹੋਏ ਸਮੂਹ ਵਿਦਿਆਰਥੀਆਂ, ਵਿੱਦਿਅਕ ਅਦਾਰਿਆਂ ਦੇ ਮੁਖੀਆਂ ਦਾ ਧੰਨਵਾਦ ਕਰਦਿਆਂ ਆਪਣਾ ਅਸ਼ੀਰਵਾਦ ਦਿੱਤਾ। ਇਸ ਮੌਕੇ ਕਮੇਟੀ ਮੈਂਬਰਜ਼ ਚਰਨਜੀਤ ਸਿੰਘ ਸੇਖੋ, ਦੀਪਇੰਦਰ ਸਿੰਘ ਸੇਖੋ, ਗੁਰਜਾਪ ਸਿੰਘ ਸੇਖੋਂ, ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ, ਕੁਲਜੀਤ ਸਿੰਘ ਮੰਗੀਆਂ ਅਤੇ ਨਰਿੰਦਰ ਪਾਲ ਸਿੰਘ ਬਰਾੜ ਮੈਂਬਰਜ਼ ਵੀ ਸ਼ਾਮਿਲ ਸਨ।

## ਲੇਖਕ ਹੀਰਾ ਸਿੰਘ ਤੂਤ ਜੀ ਦੀਆਂ ਤਿੰਨ ਕਿਤਾਬਾਂ ਨੀ ਚਿੜੀਓ!' ' ਭੱਠੀ ਦੇ ਦਾਣੇ' ਪੁਰਾਤਨ ਗਹਿਣੇ ' ਆਦਿ ਹੋਈਆਂ ਲੋਕ-ਅਰਪਣ ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ




ਫਰੀਦਕੋਟ 16 ਸਤੰਬਰ : ਪੰਜਾਬੀ ਸਾਹਿਤ ਦੇ ਮਹਾਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਜੀ ਦੀ ਯਾਦ ਵਿੱਚ ਜਿਲਾ ਪੱਧਰੀ ਸਮਾਗਮ ਵਿੱਚ ਬੱਚਿਆਂ ਦੇ ਕਵਿਤਾ ਮੁਕਾਬਲੇ ਕਰਵਾਏ ਗਏ। ਇਸ ਸਮੇਂ ਲੇਖਕ ਹੀਰਾ ਸਿੰਘ ਤੂਤ ਵੱਲੋਂ ਬਤੌਰ ਜੱਜ ਦੀ ਭੂਮਿਕਾ ਨਿਭਾਈ ਗਈ । ਉਹਨਾਂ ਦੇ ਨਾਲ ਪ੍ਰੀਤ ਜੱਗੀ ਅਤੇ ਅਤੇ ਸਰਦਾਰ ਹਰਿੰਦਰ ਸਿੰਘ ਜੀ ਨੇ ਵੀ ਜੱਜਮੈਂਟ ਲਈ ਸਾਥ ਦਿੱਤਾ। ਇਸ ਸਮੇਂ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਸੁਨੀਤਾ ਰਾਣੀ ਜੀ ਵੱਲੋਂ ਹੀਰਾ ਸਿੰਘ ਤੂਤ ਜੀ ਦੀਆਂ ਤਿੰਨ ਕਿਤਾਬਾਂ ' ਨੀ ਚਿੜੀਓ!' ' ਭੱਠੀ ਦੇ ਦਾਣੇ' ਪੁਰਾਤਨ ਗਹਿਣੇ ' ਆਦਿ ਦਾ ਲੋਕ-ਅਰਪਣ ਕੀਤਾ ਗਿਆ। ਲੇਖਕ ਹੀਰਾ ਸਿੰਘ ਤੂਤ ਵੱਲੋਂ ਕਵਿਤਾ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਵੰਡੀਆਂ ਗਈਆਂ ।ਹੀਰਾ ਸਿੰਘ ਜੀ ਨੇ ਕਿਹਾ ਕਿ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨਾ ਸਾਡਾ ਇਖਲਾਕੀ ਫਰਜ਼ ਬਣਦਾ ਹੈ ਅਤੇ ਮੈਂ ਇਹ ਕਾਰਜ ਮਰਦੇ ਦਮ ਤੱਕ ਕਰਦਾ ਰਹਾਂਗਾ। ਗੌਰ ਤਲਬ ਹੈ ਕਿ ਹੀਰਾ ਸਿੰਘ ਤੂਤ ਵੱਲੋਂ ਵੱਖ-ਵੱਖ ਵਿਧਾਵਾਂ ਉੱਪਰ ਲਗਭਗ 21 ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਅੱਜ ਕੱਲ ਉਹ ਸਰਕਾਰੀ ਪ੍ਰਾਈਮਰੀ ਸਕੂਲ ਬਾਰੇ ਕੇ ਵਿਖੇ ਬਤੌਰ ਮੁੱਖ ਅਧਿਆਪਕ ਸੇਵਾਵਾਂ ਨਿਭਾ ਰਹੇ ਹਨ । ਇਸ ਸਮੇਂ ਮੈਡਮ ਸੁਦੇਸ਼ ਰਾਣੀ, ਕਿਰਨ ਮੈਡਮ, ਨਵੀਨ ਜੀ , ਸੁਭਾਸ਼ ਜੀ, ਹਰੀਸ਼ ਜੀ ਅਤੇ ਬਹੁਤ ਸਾਰੇ ਅਧਿਆਪਕ ਸ਼ਾਮਿਲ ਸਨ। ਇਸ ਮੌਕੇ ਸਾਰੇ ਅਧਿਆਪਕਾਂ ਵੱਲੋਂ ਲੇਖਕ ਹੀਰਾ ਸਿੰਘ ਜੀ ਨੂੰ ਸ਼ੁਭ-ਕਾਮਨਾਵਾਂ ਭੇਂਟ ਕੀਤੀਆਂ ਗਈਆਂ ਅਤੇ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਵੀ ਮੁਬਾਰਕਬਾਦ ਦਿੱਤੀ ਗਈ।

## ਹੜ੍ਹ ਪ੍ਰਭਾਵਿਤਾਂ ਲਈ ਪੰਜਾਬੀਆਂ ਦੇ ਵੱਡੇ ਦਿਲਾਂ ਨੇ ਮੁੜ ਇਤਿਹਾਸ ਰਚਿਆ




ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ

ਪੰਜਾਬ ਅੰਦਰ ਪਿਛਲੇ ਦਿਨਾਂ ਤੋਂ ਸੱਤ-ਅੱਠ ਜਿਲ੍ਹਿਆਂ ਵਿੱਚ ਹੜ੍ਹ ਆਉਣ ਕਾਰਨ ਹਾਲਾਤ ਬੜੇ ਬਦਤਰ ਹੋ ਚੁੱਕੇ ਹਨ । ਪਿੰਡਾਂ ਦੇ ਪਿੰਡ ਪਾਣੀ ਵਿੱਚ ਡੁੱਬਣ ਕਾਰਨ ਘਰਾਂ ਦਾ ਸਾਮਾਨ ,ਫਸਲਾਂ ਬਰਬਾਦ ਹੋਣ ਦੇ ਨਾਲ , ਪਸ਼ੂ , ਪਰਿਵਾਰਾਂ ਦੇ ਜੀਆਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ ।ਪੰਜਾਬ ਪਿਛਲੇ ਦਿਨਾਂ ਤੋਂ ਹੜ੍ਹ ਦੀ ਮਾਰ ਹੇਠ ਆਇਆ ਹੋਇਆ ਹੈ ਪਰ ਜੋ ਮਦਦ ਸਰਕਾਰੀ ਪੱਧਰ ਉੱਪਰ ਹੋਣੀ ਚਾਹੀਦੀ ਸੀ ਉਹ ਨਹੀਂ ਹੋ ਰਹੀ ।ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਦਾ ਹਵਾਈ ਸਰਵੇਖਣ ਕਰਕੇ ਪੰਜਾਬ ਲਈ 16 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਹੈ । ਪੰਜਾਬ ਸਰਕਾਰ ਨੇ ਵੀ ਰਾਹਤ ਦੇਣ ਲਈ ਕਈ ਫੈਸਲੇ ਲਏ ਹਨ ।ਇਹ ਸਾਰਾ ਕੁਝ ਕਾਫੀ ਨਹੀਂ , ਇਸ ਤੋਂ ਕਿਤੇ ਵੱਧ ਪੰਜਾਬੀ ਖੁਦ ਕਰ ਰਹੇ ਹਨ । ਹੜ੍ਹ ਇਲਾਕਿਆਂ ਦੇ ਦੌਰੇ ਕਰਕੇ ਹੜ੍ਹ ਪੀੜਤਾਂ ਦਾ ਕੁਝ ਨਹੀਂ ਸੰਵਰਦਾ , ਜਿੰਨਾ ਚਿਰ ਲੋੜੀਂਦੀ ਮਦਦ ਵੱਡੇ ਪੱਧਰ ਉੱਪਰ ਪਾਣੀ ਵਿੱਚ ਘਿਰੇ ਪ੍ਰਭਾਵਿਤ ਹੋ ਚੁੱਕੇ ਲੋਕਾਂ ਤੱਕ ਨਹੀਂ ਪਹੁੰਚਾਈ ਜਾਂਦੀ । ਬੱਚੇ , ਬਜ਼ੁਰਗਾਂ ਨੂੰ ਇਨ੍ਹਾਂ ਹਾਲਾਤਾਂ ਵਿੱਚ ਰਹਿਣਾ ਕੋਈ ਸੌਖਾ ਨਹੀਂ ਕਿਉਂ ਕਿ ਉਹ ਆਪਣਿਆਂ ਉੱਪਰ ਬਹੁਤੇ ਨਿਰਭਰ ਹੋ ਕੇ ਜ਼ਿੰਦਗੀ ਬਸਰ ਕਰਦੇ ਹੁੰਦੇ ਹਨ ।ਭਾਵੇਂ ਪੰਜਾਬ ਦੇ ਲੋਕ ਹਮੇਸ਼ਾ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਦੁਨੀਆਂ ਭਰ ਦੇ ਲੋਕਾਂ ਦੀ ਮਦਦ ਕਰਦੇ ਆ ਰਹੇ ਹਨ ਪਰ ਅੱਜ ਆਪ ਪੰਜਾਬ ਕਦੁਰਤੀ ਕਰੋਪੀ ਦਾ ਸ਼ਿਕਾਰ ਹੋਇਆ ਹੈ ਭਾਵੇਂ ਇਸ ਪ੍ਰਤੀ ਕਈ ਸ਼ੰਕੇ ਜਰੂਰ ਖੜ੍ਹੇ ਹੋਏ ਹਨ ਤਾਂ ਇਸ ਸਥਿਤੀ ਵਿੱਚ ਦੇਸ਼ ਦੇ ਦੂਜੇ ਐਨੇ ਵੱਡੇ ਰਾਜਾਂ ਨੇ ਕੁਝ ਰਾਜਾਂ ਨੂੰ ਛੱਡ ਦਿਲੋਂ ਹਮਦਰਦੀ ਤੱਕ ਜਿਤਾਉਣ ਨੂੰ ਵੀ ਜਰੂਰੀ ਨਹੀਂ ਸਮਝਿਆ ।ਇਹ ਕਿਹੋ ਜਿਹੀ ਇਨਸਾਨੀਅਤ ਦੀ ਸੋਚ ਬਣ ਗਈ ਹੈ । ਪੰਜਾਬੀਆਂ ਅੰਦਰ ਸ਼ੁਰੂ ਤੋਂ ਗੈਰਤ ਭਰੀ ਹੋਣ ਕਾਰਨ ਇਹ ਫਿਰ ਵੀ ਚੜ੍ਹਦੀਕਲਾ 'ਚ ਰਹਿਣ ਦੇ ਆਦੀ ਹਨ ਭਾਵੇਂ ਇਹ ਕਿੰਨੇ ਉਜਾੜੇ ਪਹਿਲਾਂ ਵੀ ਦੇਖ ਚੁੱਕੇ ਹਨ । ਇਹ ਪ੍ਰਭਾਵਿਤ ਜਿਲ੍ਹਿਆਂ ਦੇ ਬਹੁਤੇ ਲੋਕ ਦੇਸ਼ ਦੀ ਵੰਡ ਦੇ ਦਰਦਨਾਕ ਸੰਤਾਪ ਨੂੰ ਆਪਣੇ ਪਿੰਡੇ ਉੱਪਰ ਹੰਢਾ ਕੇ ਸਾਂਝੇ ਪੰਜਾਬ ਚੋਂ ਪੂਰਬੀ ਪੰਜਾਬ ਵਿੱਚ ਘਰ ਬਾਰ ਛੱਡ ਕੇ ਖਾਲੀ ਹੱਥ ਆਏ ਸੀ ।ਉਦੋਂ ਜਾਨੀ ਨੁਕਸਾਨ ਬਹੁਤ ਵੱਡਾ ਹੋਇਆ ਸੀ ।ਇਹ ਪਰਿਵਾਰ ਮਿਹਨਤ ਕਰਕੇ ਗੁਰੂ ਦੇ ਭਾਣੇ ਵਿੱਚ ਰਹਿੰਦੇ ਹੋਲੀ ਹੋਲੀ ਆਪਣੇ ਪੈਰਾਂ ਉੱਪਰ ਖੜ੍ਹੇ ਹੋਏ ਪਰ ਪਿਛਲੇ ਤਿੰਨ ਦਹਾਕੇ ਪਹਿਲਾਂ ਅੱਤਵਾਦ ਦੇ ਦੌਰ ਦੌਰਾਨ ਇਸ ਖੇਤਰ ਦੇ ਪਰਿਵਾਰਾਂ ਨੇ ਜਾਨੀ ਮਾਲੀ ਬਹੁਤ ਵੱਡਾ ਨੁਕਸਾਨ ਵੀ ਉਠਾਇਆ । ਇਸ ਦੌਰਾਨ ਆਪਣੀ ਹੀ ਸਰਕਾਰ ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾ ਕੇ ਉਨ੍ਹਾਂ ਨੂੰ ਮਾਰਿਆ ਗਿਆ । ਇਸ ਦੀ ਸਚਾਈ ਨੂੰ ਜੋ ਤਿੰਨ ਦਹਾਕਿਆਂ ਤੋਂ ਬਾਅਦ ਨਿਆਂ ਪਾਲਿਕਾ ਨੇ ਸਰਕਾਰੀ ਤੰਤਰ ਦੇ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾ ਕੇ ਸਾਹਮਣੇ ਲਿਆ ਦਿੱਤਾ ਹੈ ਅਤੇ ਦੋਸ਼ੀ ਮੁਲਾਜ਼ਮਾਂ ਨੂੰ ਸ਼ਜਾ ਸੁਣਾਈਆਂ ਹਨ ਭਾਵੇਂ ਉਹ ਸੇਵਾ ਮੁਕਤ ਵੀ ਹੋ ਗਏ ਹਨ ,ਇਸ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਝੂਠ ਬੋਲ ਕੇ ਲੋਕਾਂ ਸਾਹਮਣੇ ਝੂਠ ਨੂੰ ਸੱਚ ਬਣਾ ਦਿੰਦੀ ਹੈ , ਇਹ ਪੰਜਾਬ ਦੀ ਤ੍ਰਾਸਦੀ ਰਹੀ ਹੈ ।ਉਨ੍ਹਾਂ ਸਤਾਏ ਪਰਿਵਾਰਾਂ ਨੂੰ ਕੀ ਹੁਣ ਦੀ ਸਰਕਾਰ ਕੋਈ ਮਦਦ ਦੇਣ ਨੂੰ ਤਿਆਰ ਹੈ ? ਨਿਆਂ ਪਾਲਿਕਾ ਦੇ ਫੈਸ਼ਲੇ ਨੂੰ ਸਵੀਕਾਰ ਕਰ ਉਸ ਸਮੇਂ ਦੀਆਂ ਸਰਕਾਰਾਂ ਦੇ ਕੀਤੇ ਜ਼ੁਲਮ ਲਈ ਸਰਕਾਰ ਨੂੰ ਉਨ੍ਹਾਂ ਪੀੜਤ ਪਰਿਵਾਰਾਂ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ ।

ਪਰ ਪੰਜਾਬ ਦੇ ਲੋਕ ਫਿਰ ਵੀ ਸਰਕਾਰਾਂ ਅੱਗੇ ਹੱਥ ਅੱਡਣ ਦੀ ਗੱਲ ਨਹੀਂ ਕਰਦੇ ਕਿਉਂ ਕਿ ਪੰਜਾਬੀ ਭਾਈਚਾਰੇ ਨੇ ਦੁਨੀਆਂ ਵਿੱਚ ਇਸ ਸਮੇਂ ਵੀ ਰਾਸ਼ਨ ਸਮੱਗਰੀ ਦੇ ਪ੍ਰਭਾਵਿਤ ਇਲਾਕਿਆਂ ਅੰਦਰ ਅੰਬਾਰ ਲਾ ਕੇ ਮਿਸਾਲ ਪੈਦਾ ਕਰ ਦਿੱਤੀ ਹੈ । ਪੰਜਾਬੀਆਂ ਨੇ ਦਵਾਈਆਂ , ਪਸ਼ੂਆਂ ਲਈ ਚਾਰਾ , ਤੂੜੀ ਆਦਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਹੁਤਾਤ ਰੂਪ ਵਿੱਚ ਪਹੁੰਚਾਉਣਾ ਜਾਰੀ ਰੱਖਿਆ ਹੋਇਆ , ਕਿਸਤੀਆਂ ਪ੍ਰਦਾਨ ਸਰਕਾਰ ਨੇ ਕਰਨੀਆਂ ਸੀ ਪਰ ਇਹ ਵੀ ਬਾਹਰੋਂ ਹੀ ਜਿਆਦਾ ਕੰਮ ਹੋਇਆ । ਗੁਰੂਆਂ ਦੀ ਇਸ ਧਰਤੀ ਉੱਪਰ ਕਿਸੇ ਵੀ ਸਮੱਸਿਆਂ ਨੂੰ ਨਜਿਠਣ ਲਈ ਇਥੋਂ ਦੇ ਲੋਕਾਂ ਅੰਦਰ ਭਾਣਾ ਮੰਨਣ ਦੀ ਧਾਰਨਾ ਹਮੇਸ਼ਾ ਡੋਲ੍ਹਣ ਦੀ ਥਾਂ ਧੀਰਜ ਦਿੰਦੀ ਆ ਰਹੀ ਹੈ ।ਲੋਕ ਕਮਜੋਰ ਬੰਨ੍ਹਾਂ ਨੂੰ ਆਪਣੇ ਪੱਧਰ ਉੱਪਰ ਮਜਬੂਤ ਕਰ ਰਹੇ ਹਨ , ਐਡੇ ਵੱਡੇ ਕਾਰਜ ਦੇ ਖਰਚੇ ਸੰਗਤ ਆਪ ਕਰ ਰਹੀ ਹੈ ।ਵਿਦੇਸ਼ਾਂ 'ਚ ਵਸੇ ਪੰਜਾਬੀਆਂ , ਗਾਇਕਾਂ, ਕਲਾਕਾਰਾਂ , ਖਿਡਾਰੀਆਂ , ਐਨ.ਜੀ.ਓਜ਼. ਆਦਿ ਨੇ ਕਈ ਪਿੰਡਾਂ ਨੂੰ ਗੋਦ ਲੈਣ , ਨਵੇਂ ਟ੍ਰੈਕਟਰ ਦੇਣ ਆਦਿ ਦੇ ਵੱਡੇ ਫੈਸ਼ਲੇ ਲਏ ਹਨ । ਸਰਕਾਰ ਦੀ ਜ਼ਿੰਮੇਵਾਰੀ ਕਿਥੇ ਗਈ ? ਦਰਿਆਵਾਂ ਦੀ ਖੁਦਾਈ ਪੈਸੇ ਬਟੋਰਨ ਲਈ ਲੋੜ ਅਨੁਸਾਰ ਕਰ ਲਈ ਜਾਂਦੀ ਹੈ , ਜਿਥੇ ਸਫਾਈ ਦੀ ਗੱਲ ਹੁੰਦੀ ਹੈ , ਉਹ ਕਾਗਜ਼ਾਂ ਵਿੱਚ ਹੀ ਪੂਰ ਦਿੱਤੀ ਜਾਂਦੀ ਹੈ । ਜਿੰਨਾ ਪੈਸਾ ਮਾਈਨਿੰਗ ਤੋਂ ਸਰਕਾਰ ਨੂੰ ਮਿਲਦਾ ਉਹ ਹੜ੍ਹਾਂ ਦੇ ਬਚਾਓ ਲਈ ਕਿਉਂ ਨਹੀਂ ਵਰਤਿਆ ਜਾਂਦਾ ? ਘੱਗਰ ਦੇ ਇਲਾਕੇ ਵਿੱਚ ਇੱਕ ਐਮ.ਐਲ.ਏ. ਨੇ ਸਰਕਾਰੀ ਤੰਤਰ ਤੇ ਖਾਸ ਕਰਕੇ ਮਹਿਕਮੇ ਦੇ ਸਕੱਤਰ ਵਲੋਂ ਘੱਗਰ ਦੀ ਬਰਸਾਤਾਂ ਤੋਂ ਪਹਿਲਾਂ ਸਫਾਈ ਦੇ ਮਾਮਲੇ ਵਿੱਚ ਵਿਧਾਇਕ ਦੀ ਗੱਲ ਅਣਗੌਲੇ ਕਰਨ ਦੇ ਇਲਜ਼ਾਮ ਲਾਏ ਹਨ ।ਇਲਜ਼ਾਮਾਂ ਨੂੰ ਲੈ ਕੇ ਸਰਕਾਰ ਨੇ ਉਸ ਵਿਰੁੱਧ ਤਾਂ ਕੋਈ ਪਿਛਲੇ ਮੁੱਦੇ ਨੂੰ ਲੈ ਕੇ ਤੁਰੰਤ ਕਾਰਵਾਈ ਕਰ ਦਿੱਤੀ ਪਰ ਲੋਕਾਂ ਦੀ ਮਾਲੀ ਜਾਨੀ ਨੁਕਸਾਨ ਦੇ ਕਾਰਨ ਬਣੇ ਉਸ ਅਫਸਰ ਖਿਲਾਫ ਕਾਰਵਾਈ ਕਰਨ ਜਾਂ ਆਪਣੀ ਅਣਗਹਿਲੀ ਨੂੰ ਅਣਗੌਲੇ ਹੀ ਕਰ ਦਿੱਤਾ ਹੈ । ਲੋਕ ਗਰਾਊਂਡ ਲੇਵਲ ਉੱਪਰ ਜੋ ਹੋ ਰਿਹਾ ਹੈ ਉਸੁ ਨੂੰ ਦੇਖ ਰਹੇ ਹਨ । ਨੇਤਾਵਾਂ ਨੂੰ ਲੋਕਾਂ ਦੇ ਜਵਾਬ ਦੇਣ ਲਈ ਕੋਈ ਸ਼ਬਦ ਨਹੀਂ ਸੁਝ ਰਹੇ । ਕਈ ਐਮ.ਐਮ.ਏ. , ਮੰਤਰੀ ਜਰੂਰ ਹੇਠਲੇ ਪੱਧਰ ਉੱਪਰ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਪੀੜਤਾਂ ਦੀ ਮਦਦ ਕਰ ਰਹੇ ਹਨ । ਅੰਮ੍ਰਿਤਸਰ ਦੀ ਡੀ.ਸੀ. ਮੈਡਮ ਗਰਾਊਂਡ ਪੱਧਰ ਉੱਪਰ ਜਾ ਕੇ ਹਰ ਸੰਭਵ ਮਦਦ ਦੇਣ ਦੀ ਕੋਸ਼ਿਸ਼ ਕਰ ਰਹੇ ਹਨ । ਉਸ ਦੀ ਸਾਰੇ ਪ੍ਰਸੰਸਾ ਕਰ ਰਹੇ ਹਨ ਜੋ ਹੋਣੀ ਚਾਹੀਦੀ ਵੀ ਹੈ ਤਾਂ ਜੋ ਸਾਰੇ ਉੱਚ ਅਧਿਕਾਰੀ ਵੀ ਇਸ ਤਰ੍ਹਾਂ ਦੀ ਭਾਵਨਾ ਨਾਲ ਕੰਮ ਕਰਨ ਲਈ ਅੱਗੇ ਆਉਣ ।ਪੰਜਾਬ ਨੂੰ ਭਾਵੇਂ ਕਈ ਕਾਰਨਾਂ ਕਰਕੇ ਹੜ੍ਹਾਂ ਦੀ ਮਾਰ ਵਾਰ ਵਾਰ ਝੱਲਣੀ ਪੈ ਰਹੀ ਹੈ , ਇਹ ਉੱਚ ਪੱਧਰੀ ਜਾਂਚ ਦਾ ਵਿਸ਼ਾ ਹੈ ਤਾਂ ਕਿ ਅੱਗੇ ਤੋਂ ਏਨਾ ਵੱਡਾ ਨੁਕਸਾਨ ਨਾ ਹੋਵੇ ।ਦਰਿਆਵਾਂ , ਨਦੀਆਂ , ਨਾਲਿਆਂ ਆਦਿ ਨਾਲ ਸਬੰਧਤ ਮਹਿਕਮੇ ਵਲੋਂ ਸਮੇਂ ਸਮੇਂ ਸਿਰ ਲੋਕਾਂ ਦੇ ਨਜਾਇਜ਼ ਕਬਜੇ , ਨੀਵੇਂ ਥਾਵਾਂ ਤੇ ਉਸਾਰੀ ਆਦਿ ਨੂੰ ਰੋਕਣ ਲਈ ਕੋਈ ਠੋਸ ਕਾਇਦੇ ਕਾਨੂੰਨ ਬਣਾਏ ਜਾਣ ।ਬਹੁਤਾਤ ਵਿੱਚ ਸੜਕਾਂ ਦੇ ਕੰਢੇ ਕਾਲੋਨੀਆਂ , ਮਲਟੀ ਸਟੋਰੀ ਕੰਪਲੈਕਸ , ਮਾਲ ਆਦਿ ਉਸਰ ਗਏ ਹਨ ।ਇਹ ਵੀ ਪਾਣੀ ਦੇ ਵਹਾਅ ਨੂੰ ਰੋਕ ਕੇ ਹੜ੍ਹਾਂ ਦੀ ਸਥਿਤੀ ਪੈਦਾ ਕਰਨ ਦੇ ਕਾਰਨ ਬਣ ਰਹੇ ਹਨ । ਹੜ੍ਹਾਂ ਤੋਂ ਬਾਅਦ ਇਨ੍ਹਾਂ ਲੋਕਾਂ ਲਈ ਅਜੇ ਬਹੁਤ ਕੁਝ ਕਰਨਾ ਜਰੂਰੀ ਹੈ ।ਜਿੰਨਾ ਪੈਸਾ ਹੁਣ ਹੜ੍ਹ ਪੀੜਤਾਂ ਲਈ ਦਿੱਤਾ ਜਾ ਰਿਹਾ ਇਸ ਨਾਲ ਤਾਂ ਹੜ੍ਹਾਂ ਦੇ ਬਚਣ ਤੋਂ ਉਪਾਅ ਕਰਨ ਉੱਪਰ ਲੱਗਣਾ ਨਹੀਂ ਸੀ , ਜੋ ਜਾਨੀ ਨੁਕਸਾਨ ਹੋਇਆ ਉਸਦੀ ਭਰਪਾਈ ਨਹੀਂ ਹੋ ਸਕਦੀ । ਹਰੇਕ ਸਾਲ ਪੜਾਅ ਵਾਰ ਦਰਿਆਵਾਂ , ਨਦੀਆਂ ਆਦਿ ਨੂੰ ਪਾਣੀ ਦੇ ਲੰਘਣ ਯੋਗ ਬਣਾਉਣ ਲਈ ਜੇ ਕਰ ਕੰਮ ਇਮਾਨਦਾਰੀ ਨਾਲ ਕੀਤਾ ਜਾਵੇ ਤਾਂ ਭਵਿੱਖ ਵਿੱਚ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ । ਸਰਕਾਰਾਂ ਵਲੋਂ ਕਰੋੜਾਂ ਦੀਆਂ ਗ੍ਰਾਂਟਾਂ , ਫੰਡ ਜਾਰੀ ਹੋ ਗਏ ਪਰ ਪ੍ਰਭਾਵਿਤ ਲੋਕਾਂ ਤੱਕ ਪਹੁੰਚਣੇ ਜਰੂਰੀ ਨੇ , ਕਿਉਂ ਕਿ ਸਰਕਾਰ ਤੋਂ ਵੱਧ ਕੰਮ ਪੰਜਾਬੀਆਂ ਨੇ ਆਪਣੇ ਪੱਧਰ ਉੱਪਰ ਹੀ ਕਰ ਦਿੱਤਾ ਹੈ , ਹੋਰ ਕਰਨਗੇ ਵੀ । ਇਹੋ ਜਿਹੇ ਕਾਰਜਾਂ ਲਈ ਸਰਕਾਰੀ ਫੰਡਾਂ ਵਿੱਚੋਂ ਜਾਰੀ ਹੋਇਆ ਬਹੁਤ ਸਾਰਾ ਪੈਸਾ ਰਸਤੇ ਵਿੱਚ ਹੀ ਖੁਰਦ ਬੁਰਦ ਪਹਿਲਾਂ ਹੁੰਦਾ ਰਿਹਾ ਹੈ , ਹੁਣ ਇਹੋ ਜਿਹਾ ਨਾ ਹੋਵੇ ਤਾਂ ਚੰਗੀ ਗੱਲ ਹੋਵੇਗੀ ,ਸਰਕਾਰ ਦਾ ਕੰਮ ਸਭ ਨੂੰ ਦਿੱਸਣਾ ਚਾਹੀਦਾ ।ਸੱਚੇ ਪਾਤਿਸ਼ਾਹ ਸਾਰਿਆਂ ਨੂੰ ਪਹਿਲਾਂ ਦੀ ਤਰ੍ਹਾਂ ਖੁਸ਼ਹਾਲ ਜੀਵਨ ਬਖਸ਼ਣ ।

## ਨਿਪਾਲ ਦੇਸ਼ ਦੀ ਤ੍ਰਾਸਦੀ




ਨਹੀਂ ਬਚਿਆ ਦੁਨੀਆਂ ਦਾ ਦੇਸ਼ ਕੋਈ,
ਜਿੱਥੇ ਹੋਇਆ ਨਾ ਹੋਵੇ ਬਬਾਲ ਬਾਬਾ।

ਹੁਣ ਇੱਕ ਗਰੀਬ ਥੋੜੀ ਵਸੋਂ ਵਾਲਾ,
ਆਇਆ ਲਪੇਟ 'ਚ ਦੇਸ਼ ਨਿਪਾਲ ਬਾਬਾ।

ਸ਼ਹਿਰ ਫੂਕ 'ਤੇ, ਫੂਕ 'ਤੇ ਰਾਜ ਭਵਨ,
ਐਸਾ ਭੜਕਿਆ ਉੱਥੇ ਜਵਾਲ ਬਾਬਾ।

ਸੜਕਾਂ ਉੱਤੇ ਉਮੜਿਆ ਸੈਲਾਬ ਭਾਰੀ,
ਰਿਹਾ ਕੋਈ ਨਾ ਬੁੱਢਾ , ਬਾਲ ਬਾਬਾ।

ਚੱਲੀਆਂ ਗੋਲੀਆਂ ,ਫ਼ੌਜੀ ਰਾਜ ਹੋਇਆ,
ਉੱਥੇ ਕੂਕਿਆ ਕਈਆਂ ਦਾ ਕਾਲ ਬਾਬਾ।

ਘੁੱਗ ਵਸਦਾ ਸੀ ਦੇਸ਼ ਪਹਾੜੀਆਂ 'ਤੇ,
ਅੱਜ ਵੇਖ ਹੋਇਆ ਬੁਰਾ ਹਾਲ ਬਾਬਾ।

ਜਿੱਥੇ ਮਿਲੇ ਨਾ ਕਿਸੇ ਨੂੰ ਇਨਸਾਫ਼ ਕੋਈ,
ਜਨਤਾਂ ਕਰੇ ਚੰਗੇ ਦੀ ਭਾਲ ਬਾਬਾ।

ਅੱਗ ਲਾਈ ਵਾਲੀ, ਕਹਾਵਤ ਸੱਚ ਹੁੰਦੀ,
ਲੀਡਰ ਆਪਣਾ ਕਰਨ ਖ਼ਿਆਲ ਬਾਬਾ।

ਫਿਰ ਰਾਜ ਭਾਗ 'ਪੱਤੋ' ਛੱਡ ,ਭੱਜ ਜਾਂਦੇ,
ਪਿੱਛੇ ਰਹਿ ਜਾਂਦਾ ਜੋੜਿਆ ਮਾਲ ਬਾਬਾ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਹਿੰਦੀ ਦਿਵਸ ਤੇ ਬਹੁਭਾਸ਼ਾਈ ਕਵੀ ਸੰਮੇਲਨ : ਮੀਰਾ ਰੋਡ ਵਿੱਚ ਕਾਵਿਆ ਦਾ ਅਦਭੁਤ ਸੰਗਮ




ਵਰਲਡ ਪੰਜਾਬੀ ਟਾਈਮਜ਼
ਜੇ.ਆਰ.ਯਾਦਵ




ਹਿੰਦੀ ਦਿਵਸ (14 ਸਤੰਬਰ 2025) ਦੇ ਮੌਕੇ ਤੇ ਜਨਵਾਦੀ ਲੇਖਕ ਸੰਘ, ਮੁੰਬਈ ਅਤੇ ਸੁਰ ਸੰਗਮ ਫਾਊਂਡੇਸ਼ਨ ਦੇ ਸਾਂਝੇ ਤਰਫ਼ਦਾਰੀ ਵਿੱਚ ਵਿਰੰਗੁਲਾ ਕੇਂਦਰ, ਮੀਰਾ ਰੋਡ (ਪੂਰਬ) ਵਿੱਚ ਬਹੁਭਾਸ਼ਾਈ ਕਵੀ ਸੰਮੇਲਨ ਦਾ ਬਹੁਤ ਸਫਲ ਆਯੋਜਨ ਹੋਇਆ। ਭਰੇ ਪਏ ਸਭਾਗਾਰ ਵਿੱਚ ਸੁਣਨ ਵਾਲਿਆਂ ਨੇ ਸ਼ੁਰੂ ਤੋਂ ਅੰਤ ਤੱਕ ਤਨਮਯਤਾ ਨਾਲ ਹਿੰਦੀ, ਉਰਦੂ, ਮਰਾਠੀ ਅਤੇ ਬੰਗਾਲੀ ਕਾਵਿਆ-ਸਾਹਿਤ ਦਾ ਸਵਾਦ ਚੱਖਿਆ। ਦਿੱਲੀ ਤੋਂ ਆਈ ਮੁੱਖ ਮਹਿਮਾਨ, ਲੇਖਕਾ-ਕਵਾਇਤਰੀ ਅਤੇ ਐਕਟੀਵਿਸਟ ਅਨੀਤਾ ਭਾਰਤੀ ਨੇ ਆਪਣੀਆਂ ਪ੍ਰਭਾਵਸ਼ਾਲੀ ਕਵਿਤਾਵਾਂ ਸੁਣਾਈਆਂ ਅਤੇ ਕਿਹਾ ਕਿ ਕੋਈ ਵੀ ਭਾਸ਼ਾ ਛੋਟੀ ਜਾਂ ਵੱਡੀ ਨਹੀਂ ਹੁੰਦੀ। ਉਨ੍ਹਾਂ ਨੇ ਦੱਸਿਆ ਕਿ ਮਰਾਠੀ ਤੋਂ ਹਿੰਦੀ ਵਿੱਚ ਦਲਿਤ ਸਾਹਿਤ ਦਾ ਅਨੁਵਾਦ ਪੜ੍ਹਨ ਤੋਂ ਬਾਅਦ ਉਨ੍ਹਾਂ ਨੂੰ ਨਵੀਂ ਜੀਵਨ-ਦ੍ਰਿਸ਼ਟੀ ਅਤੇ ਸ਼ਕਤੀ ਪ੍ਰਾਪਤ ਹੋਈ। ਵਿਸ਼ੇਸ਼ ਮਹਿਮਾਨ ਪ੍ਰੋਫੈਸਰ ਕੁਸੁਮ ਤ੍ਰਿਪਾਠੀ ਨੇ ਕਿਹਾ ਕਿ ਹਿੰਦੀ ਪ੍ਰੇਮ ਅਤੇ ਭਾਈਚਾਰੇ ਦੀ ਭਾਸ਼ਾ ਹੈ, ਵਰਚਸਵ ਦੀ ਨਹੀਂ। ਵਰਿਸ਼ਠ ਕਵੀ ਅਤੇ ਸ਼ਾਇਰ ਹ੍ਰਿਦੇਸ਼ ਮੈਂਕ ਅਤੇ ਰਾਕੇਸ਼ ਸ਼ਰਮਾ ਨੇ ਆਪਣੀਆਂ ਗ਼ਜ਼ਲਾਂ ਨਾਲ ਸੁਣਨ ਵਾਲਿਆਂ ਨੂੰ ਭਾਵ-ਵਿਭੋਰ ਕਰ ਦਿੱਤਾ। ਰਾਕੇਸ਼ ਸ਼ਰਮਾ ਦੀ ਗ਼ਜ਼ਲ— "ਨ ਹਿੰਦੀ ਹੈ, ਨ ਉਰਦੂ ਹੈ ਮੇਰੇ ਅਸ਼ਆਰ ਕੀ ਭਾਸ਼ਾ   ਮੈਂ ਸ਼ਾਇਰ ਹਾਂ, ਮੇਰਾ ਦਿਲ ਬੋਲਦਾ ਹੈ ਪਿਆਰ ਕੀ ਭਾਸ਼ਾ"—ਨੂੰ ਬਹੁਤ ਸਰਾਹਿਆ ਗਿਆ, ਜਦਕਿ ਹ੍ਰਿਦੇਸ਼ ਮੈਂਕ ਦੀਆਂ ਪੰਕਤੀਆਂ— "ਫਿਰ ਕਿਤੇ ਸ਼ੋਰ ਉੱਠਾ ਅਤੇ ਕਿਤੇ ਅੱਗ ਲੱਗੀ, ਉਸ ਵਿੱਚ ਜਲਦਾ ਹੋਇਆ ਮੇਰਾ ਘਰ ਉਭਰ ਕੇ ਆਇਆ"—ਤੇ ਤਾਲੀਆਂ ਦੀ ਗੜਗੜਾਹਟ ਗੂੰਜ ਉੱਠੀ।




ਮੁਸਤਹਿਸਨ ਅਜ਼ਮ, ਨੈਮਿਸ਼ ਰਾਏ, ਅਨੀਲ ਗੌੜ, ਭੂਪਿੰਦਰ ਮਿਸ਼ਰ, ਸੁਨੀਲ ਓਵਾਲ, ਆਰਿਫ਼ ਮਹਿਮੂਦ ਆਬਾਦੀ, ਆਰ.ਐੱਸ. ਵਿਕਲ, ਰਮਨ ਮਿਸ਼ਰ, ਰਾਜੀਵ ਰੋਹਿਤ, ਇਰਫ਼ਾਨ ਸ਼ੇਖ, ਸਤੀਸ਼ ਸ਼ੁਕਲ ਰਕੀਬ, ਕੁਸੁਮ ਤਿਵਾਰੀ, ਜਾਨੀ ਅੰਸਾਰੀ, ਸੁਨੀਲ ਕੁਲਕਰਨੀ, ਪੁਲਕ ਚਕ੍ਰਵਰਤੀ, ਸੁਰੇਸ਼ ਕੋਪੀਡਸ਼ਕਰ, ਆਰ.ਐੱਸ. ਆਘਾਤ ਆਦਿ ਨੇ ਹਿੰਦੀ, ਮਰਾਠੀ, ਉਰਦੂ ਅਤੇ ਹੋਰ ਭਾਸ਼ਾਵਾਂ ਵਿੱਚ ਆਪਣੀਆਂ ਕਵਿਤਾਵਾਂ ਅਤੇ ਸ਼ਾਇਰੀ ਪੇਸ਼ ਕਰਕੇ ਸੁਣਨ ਵਾਲਿਆਂ ਨੂੰ ਮੰਤਰਮੁਗਧ ਕਰ ਦਿੱਤਾ। ਸਭਾ ਦੀ ਅਧਿਕਸਰਤਾ ਸ਼ੈਲੇਸ਼ ਸਿੰਘ ਨੇ ਕੀਤੀ, ਸੰਚਾਲਨ ਜੁਲਮੀਰਾਮਸਿੰਘ ਯਾਦਵ ਨੇ ਕੀਤਾ ਅਤੇ ਧੰਨਵਾਦ ਪ੍ਰਦਰਸ਼ਨ ਡਾ. ਮੁਖਤਾਰ ਖ਼ਾਨ ਨੇ ਕੀਤਾ। ਇਸ ਮੌਕੇ ਡਾ. ਗੁਲਾਬ ਯਾਦਵ, ਮੁਸ਼ਰਰਫ਼ ਸ਼ਮਸੀ, ਸੰਜੇ ਪਾਂਡੇ, ਵਿਨੋਦ ਯਾਦਵ, ਮੋਇਨ ਅੰਸਾਰ, ਵਿਜੇ ਯਾਦਵ, ਦੀਨੇਸ਼ ਗੁਪਤ, ਧਰਮੇਂਦਰ ਚਤੁਰਵੇਦੀ, ਅਕਸ਼ੇ ਯਾਦਵ, ਸ਼ਿਵਸ਼ੰਕਰ ਸਿੰਘ, ਰਾਮੂ ਜੈਸਵਾਲ, ਸਭਾਜੀਤ ਯਾਦਵ, ਹੇਮੰਤ ਸਿੰਘ ਸਮੇਤ ਸ਼ਹਿਰ ਦੇ ਬਹੁਤ ਸਾਰੇ ਕਵੀ, ਚਿੰਤਕ, ਪੱਤਰਕਾਰ, ਨਾਟਕਾਰ ਅਤੇ ਹੋਰ ਮਾਨਯਵਰ ਵਿਅਕਤੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ। ਪ੍ਰੋਗਰਾਮ ਭਾਸ਼ਾਵਾਂ ਦੀ ਵਿਵਿਧਤਾ ਅਤੇ ਕਾਵਿਆ ਦੀ ਏਕਤਾ ਦਾ ਜੀਵੰਤ ਸਾਖੀ ਬਣ ਗਿਆ ਅਤੇ ਸਾਹਿਤ ਪ੍ਰੇਮੀਆਂ ਨੂੰ ਸੰਵਾਦ, ਰਚਨਾਤਮਕ ਊਰਜਾ ਅਤੇ ਮਾਨਵੀਯ ਸੰਵੇਦਨਾਵਾਂ ਦਾ ਸਸ਼ਕਤ ਅਨੁਭਵ ਪ੍ਰਦਾਨ ਕੀਤਾ।

## ਰੁੜ੍ਹ ਗਈਆਂ ਜਾਨਾਂ



ਅੱਜ ਤੱਕ ਫੜੀ ਨਾ ਬਾਂਹ ਕਿਸੇ ਨੇ,
ਮਜ਼ਦੂਰਾਂ ਕਿਰਤੀਆਂ ਕਿਰਸਾਨਾਂ ਦੀ।
ਕੌਣ ਕਰੂ ਭਰਵਾਈ ਓ ਲੋਕੋ,
ਹੜ੍ਹਾਂ ਵਿੱਚ ਰੁੜ੍ਹ ਗਈਆਂ ਜਾਨਾਂ ਦੀ।

ਕੁਦਰਤ ਅੱਗੇ ਜ਼ੋਰ ਨਹੀਂ ਚੱਲਦਾ,
ਕਹਿੰਦੇ ਕਿਸੇ ਵੀ ਬੰਦੇ ਦਾ।
ਨੁਕਸਾਨ ਹੁੰਦਾ ਆਇਆ ਹੁਣ ਤੱਕ,
ਪੰਜਾਬ ਦੇ ਹਰ ਇੱਕ ਧੰਦੇ ਦਾ।
ਕਦੇ ਨਾ ਹੋਈ ਨਜ਼ਰ ਸਵੱਲੀ,
ਰਾਜ ਕਰਦੇ ਸਿਆਸਤਦਾਨਾਂ ਦੀ।
ਕੌਣ ਕਰੂ ਭਰਵਾਈ ਓ ਲੋਕੋ,
ਹੜ੍ਹਾਂ ਵਿੱਚ ਰੁੜ੍ਹ ਗਈਆਂ ਜਾਨਾਂ ਦੀ।

ਧੰਨਵਾਦ 'ਐਨ ਜੀ ਓ' ਵਾਲਿਆਂ ਦਾ,
ਜਿਨ੍ਹਾਂ ਕਈ ਪਿੰਡ ਬਚਾ ਦਿੱਤੇ।
ਧੰਨ ਨੇ ਬੱਚੇ ਬੁੱਢੇ ਮਾਵਾਂ,
ਜਿਨ੍ਹਾਂ ਥਾਂ ਥਾਂ ਲੰਗਰ ਲਾ ਦਿੱਤੇ।
ਕਈਆਂ ਨੇ ਰਸਦਾਂ ਲੁੱਟ ਲਈਆਂ,
ਮਰ ਗਈ ਜ਼ਮੀਰ ਬੇਈਮਾਨਾਂ ਦੀ।
ਕੌਣ ਕਰੂ ਭਰਵਾਈ ਓ ਲੋਕੋ,
ਹੜ੍ਹਾਂ ਵਿੱਚ ਰੁੜ੍ਹ ਗਈਆਂ ਜਾਨਾਂ ਦੀ।

ਐਨ ਆਰ ਆਈ ਤੇ ਗਾਇਕ ਵੀਰੇ,
ਜੋ ਦੁਖੀਆਂ ਨਾਲ ਆਣ ਖੜ੍ਹੇ।
ਅਸੀਂ ਵਾਰਸ ਓਸ ਕੌਮ ਦੇ ਹਾਂ,
ਜੋ ਅਜ਼ਾਦੀ ਲਈ ਲੜੇ।

ਅੱਖਾਂ ਚੋਂ ਹੰਝੂ ਡਿੱਗ ਆਉਂਦੇ,
ਵੇਖ ਕੇ ਹਾਲਤ ਟੁੱਟਿਆਂ ਵਾਹਨਾਂ ਦੀ।
ਕੌਣ ਕਰੂ ਭਰਵਾਈ ਓ ਲੋਕੋ,
ਹੜ੍ਹਾਂ ਵਿੱਚ ਰੁੜ੍ਹ ਗਈਆਂ ਜਾਨਾਂ ਦੀ।

"ਲੰਢੇ ਵਾਲਾ" ਕਰਦਾ ਸਿਜਦਾ,
ਜਿਨ੍ਹਾਂ ਮੋਹਰੀ ਰੋਲ ਨਿਭਾਇਆ ਏ।
ਜਾਨ ਖ਼ਤਰੇ ਵਿੱਚ ਪਾ ਆਪਣੀ,
ਹੋਰਾਂ ਨੂੰ ਬਚਾਇਆ ਏ।
"ਝੱਜ" ਪਿੱਠ ਥਾਪੜਨੀ ਬਣਦੀ,
ਉਨ੍ਹਾਂ ਸੂਰਬੀਰ ਜਵਾਨਾਂ ਦੀ।
ਕੌਣ ਕਰੂ ਭਰਵਾਈ ਓ ਲੋਕੋ,
ਹੜ੍ਹਾਂ ਵਿੱਚ ਰੁੜ੍ਹ ਗਈਆਂ ਜਾਨਾਂ ਦੀ।

ਵਰਲਡ ਪੰਜਾਬੀ ਟਾਈਮਜ਼
ਸਾਧੂ ਸਿੰਘ ਝੱਜ